ਨੰ : 12/69/98 -5ਸਿ5/25705

ਪੰਜਾਬ ਸਰਕਾਰ
ਸਿਹਤ ਤੇ ਪਰਿਵਾਰ ਭਲਾਈ ਵਿਭਾਗ
(ਸਿਹਤ-5 ਸ਼ਾਖਾ)

ਮਿਤੀ, ਚੰਡੀਗੜ੍ਹ 9 ਅਕਤੂਬਰ, 2001

ਸੇਵਾ ਵਿਖੇ

ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀ,
ਮੰਡਲਾਂ ਦੇ ਕਮਿਸ਼ਨਰ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ,
ਸਮੂਹ ਡਿਪਟੀ ਕਮਿਸ਼ਨਰ, ਸਮੂਹ ਜ਼ਿਲ੍ਹਾ ਅਤੇ ਸ਼ੈਸ਼ਨ ਜੱਜ,
ਜ਼ਿਲ੍ਹਿਆਂ ਦੇ ਸਮੂਹ ਸਿਵਲ ਸਰਜਨ, ਅਤੇ
ਪ੍ਰਿੰਸੀਪਲ, ਮੈਡੀਕਲ/ਡੈਂਟਲ ਕਾਲਜ, ਪਟਿਆਲਾ, ਫਰੀਦਕੋਟ ਅਤੇ
ਅੰਮ੍ਰਿਤਸਰ ।

ਵਿਸ਼ਾ : ਪੰਜਾਬ ਸਰਕਾਰ ਦੇ ਕਰਮਚਾਰੀਆਂ/ਪੈਨਸ਼ਨਰਾਂ ਨੂੰ ਕੰਪਲੀਕੇਟਡ ਕਰਾਨਿਕ ਬਿਮਾਰੀਆਂ ਦੇ ਬਤੌਰ ਆਊਟਡੋਰ ਮਰੀਜ਼ ਕਰਵਾਏ ਗਏ ਇਲਾਜ ਤੇ ਹੋਏ ਖਰਚੇ ਦੀ ਪ੍ਰਤੀ-ਪੂਰਤੀ ਕਰਨ ਬਾਰੇ ।

ਸ੍ਰੀ ਮਾਨ ਜੀ,

ਮੈਨੂੰ ਉਪਰੋਕਤ ਵਿਸ਼ੇ ਤੇ ਆਪ ਜੀ ਦਾ ਧਿਆਨ ਸਰਕਾਰ ਦੇ ਪੱਤਰ ਨੰ : 12/69/98-5ਐਚ.ਬੀ5/21329-33 ਮਿਤੀ 1 ਸਤੰਬਰ, 2000 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ ਜਿਸ ਰਾਹੀਂ ਪੱਤਰ ਨਾਲ ਨੱਥੀ ਕੀਤੀ ਗਈ ਸੂਚੀ (ਐਨਕਸਚਰ-ਏ) ਵਿੱਚ ਦਰਜ ਕੰਪਲੀਕੇਟਡ ਕਰਾਨਿਕ ਬਿਮਾਰੀਆਂ ਤੋਂ ਪੀੜੀਤ ਸਰਕਾਰੀ ਕਰਮਚਾਰੀਆਂ/ਪੈਨਸ਼ਨਰਾਂ ਅਤੇ ਉਹਨਾਂ ਤੇ ਆਸ਼ਰਿਤ ਪਰਿਵਾਰ ਦੇ ਮੈਂਬਰਾਂ ਵਲੋਂ, ਬਤੌਰ ਆਊਟਡੋਰ ਮਰੀਜ਼ ਕਰਵਾਏ ਗਏ ਇਲਾਜ ਤੇ ਹੋਏ ਖਰਚੇ ਦੀ ਪ੍ਰਤੀ ਪੂਰਤੀ ਕਰਨ ਦਾ ਫੈਸਲਾ ਕੀਤਾ ਗਿਆ ਸੀ । ਇਹਨਾਂ ਹਦਾਇਤਾਂ ਅਧੀਨ ਪ੍ਰਤੀ ਪੂਰਤੀ ਕਰਨ ਸਬੰਧੀ ਕੁਝ ਵਿਭਾਗਾਂ ਵਲੋਂ ਵੱਖ-ਵੱਖ ਨੁਕਤਿਆਂ ਤੇ ਸਪੱਸ਼ਟੀਕਰਣ ਮੰਗੇ ਗਏ ਸਨ । ਮਾਮਲੇ ਨੂੰ ਵਿਚਾਰਨ ਉਪਰੰਤ ਹੇਠ ਲਿਖੇ ਅਨੁਸਾਰ ਨੁਕਤਾ-ਵਾਰ ਸਪੱਸ਼ਟੀਕਰਨ ਦਿੱਤਾ ਜਾਂਦਾ ਹੈ : -

| ਸਪੱਸ਼ਟੀਕਰਣ ਲਈ ਉਠਾਇਆ ਗਿਆ ਨੁਕਤਾ | ਸਪੱਸ਼ਟੀਕਰਣ |
|---|---|
| 1) ਜੇਕਰ ਕਰਮਚਾਰੀ/ਪੈਨਸ਼ਨਰ ਕਰੋਨਿਕ ਬਿਮਾਰੀ ਦੇ ਸਬੰਧ ਵਿੱਚ ਬਾਹਰੀ ਤੌਰ ਤੇ ਇਲਾਜ ਲੈਣ ਉਪਰੰਤ ਆਪਣਾ ਮੈਡੀਕਲ ਕਲੇਮ ਸਾਲ ਦੌਰਾਨ ਵਾਰ-ਵਾਰ ਅਦਾਇਗੀ ਲਈ ਪੇਸ਼ ਕਰਦੇ ਹਨ, ਜਿਸ ਦੀ ਰਾਸ਼ੀ | ਜੇਕਰ ਕਰਮਚਾਰੀ/ਪੈਨਸ਼ਨਰ ਵਲੋਂ ਕਰੋਨਿਕ ਬਿਮਾਰੀ ਦੇ ਸਬੰਧ ਵਿੱਚ ਬਾਹਰੀ ਤੌਰ ਤੇ ਇਲਾਜ ਲੈਣ ਉਪਰੰਤ ਸਾਲ ਵਿੱਚ ਵਾਰ-ਵਾਰ ਪੇਸ਼ ਕੀਤੇ ਮੈਡੀਕਲ ਬਿਲਾਂ ਦੀ ਰਕਮ 6,000/- ਰੁਪਏ ਤੋਂ |